Peel CAS
Supporting. Protecting. Caring. Together.
Soutien. Protection. Bienveillance. Ensemble.



# ਬੇਬੀਸਿਟਿੰਗ
## ਮਪਿਆਂ ਦੀ ਅਗਵਾਈ ਲਈ ਜ਼ਰੂਰੀ ਨੁਕਤੇ

ਆਪਣੇ ਬੱਚੇ ਲਈ ਬੇਬੀਸਿਟਰ ਰੱਖਣ ਦਾ ਫ਼ੈਸਲਾ ਕਰਨਾ ਮਾਪਿਆਂ ਵੱਲੋਂ ਕੀਤੇ ਜਾਂਦੇ ਫ਼ੈਸਲਿਆਂ ਵਿੱਚੋਂ ਇੱਕ ਬਹੁਤ ਮਹੱਤਵਪੂਰਨ ਹੈ।

ਚਾਇਲਡ ਐਂਡ ਫ਼ੈਮਲੀ ਸਰਵਿਸਿਜ਼ ਐਕਟ (*The Child and Family Services Act*) ਅਧੀਨ 10 ਸਾਲ ਤੋਂ ਘੱਟ ਉਮਰ ਦੇ ਬੱਚੇ ਨੂੰ ਇਕੱਲੇ ਨਹੀਂ ਛੱਡਿਆ ਜਾਣਾ ਚਾਹੀਦਾ। 10 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਸਬੰਧੀ ਮਾਪਿਆਂ ਦੀ ਕਨੂੰਨੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਬੱਚੇ ਦੀ ਸੁਰੱਖਿਆ ਯਕੀਨੀ ਬਣਾਉਣ। ਛੋਟੇ ਬੇਬੀ ਅਤੇ ਛੋਟੇ ਬੱਚਿਆਂ ਦੀ ਨਿਗਰਾਨੀ ਹਰ ਸਮੇਂ ਜ਼ਰੂਰ ਹੋਣੀ ਚਾਹੀਦੀ ਹੈ। ਬੱਚਾ ਭਾਵੇਂ 8 ਅਤੇ 9 ਸਾਲ ਦਾ ਵੀ ਹੋਵੇ, ਉਸ ਨੂੰ ਲੰਮੇਂ ਸਮੇਂ ਲਈ ਇਕੱਲਿਆਂ ਨਹੀਂ ਛੱਡਿਆ ਜਾ ਸਕਦਾ। ਮਾਪਿਆਂ ਤੋਂ ਆਸ ਰੱਖੀ ਜਾਂਦੀ ਹੈ ਕਿ, ਉਹ ਬੱਚਿਆਂ ਨੂੰ ਅਮਰਜੰਸੀਆਂ ਲਈ ਤਿਆਰ ਕਰ ਕੇ ਰੱਖਣ ਅਤੇ ਆਪਣੇ ਬੱਚੇ ਦੇ ਇਕੱਲੇ ਹੋਣ ਦੀ ਸੂਰਤ ਵਿੱਚ, ਮਾਪੇ ਧਿਆਣ ਦੇਣ ਕਿ ਹਰ ਸਥਿਤੀ ਪ੍ਰਤੀ ਬੱਚੇ ਪਰਿਪੱਕ ਤੇ ਭਰੋਸੇਯੋਗ ਹੋਣ।

10 ਸਾਲ ਦੀ ਉਮਰ ਹੋ ਜਾਣ ਪਿੱਛੋਂ, ਜਦੋਂ ਤਕ ਬੱਚੇ 16 ਸਾਲਾਂ ਦੇ ਨਾ ਹੋ ਜਾਣ, ਓਦੋਂ ਤਕ ਬੱਚਿਆਂ ਦੀ ਨਿਗਰਾਨੀ ਲਈ ਉਚਿਤ ਪ੍ਰਬੰਧ ਕਰਨਾ ਮਾਪਿਆਂ ਦੀ ਕਨੂੰਨੀ ਜ਼ਿੰਮੇਵਾਰੀ ਹੁੰਦੀ ਹੈ। ਇਸ ਆਸ ਤੋਂ ਭਾਵ ਹੈ ਕਿ ਬੱਚਿਆਂ ਦੀ ਸੁਰੱਖਿਆ ਤੇ ਬਹਿਤਰੀ ਸਬੰਧੀ ਮਾਪਿਆਂ ਨੂੰ ਜ਼ਰੂਰੀ ਫ਼ੈਸਲੇ ਕਰਨ ਵਿੱਚ ਮਦਦ ਮਿਲੇ। ਮਾਪਿਆਂ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਬੱਚਿਆਂ ਦੀ ਉਮਰ ਸਦਾ ਉਨ੍ਹਾਂ ਦੀ ਪਰਿਪੱਕਤਾ ਅਤੇ ਜ਼ਿੰਮੇਵਾਰੀ ਦੀ ਪੱਧਰ ਦੇ ਬਰਾਬਰ ਨਹੀਂ ਹੁੰਦੀ। ਕਈ 10 ਸਾਲ ਦੇ ਬੱਚੇ ਕੁਝ ਘੰਟਿਆਂ ਲਈ ਆਪਣੀ ਸੰਭਾਲ ਕਰਨ ਦੇ ਯੋਗ ਹੁੰਦੇ ਹਨ। ਉਸੇ ਹੀ ਉਮਰ ਦੇ ਦੂਜੇ ਬੱਚੇ ਇਸ ਯੋਗ ਨਹੀਂ ਹੁੰਦੇ। ਮਾਪਿਆਂ ਨੂੰ ਇਹ ਫ਼ੈਸਲਾ ਕਰਨਾ ਪਵੇਗਾ ਕਿ ਕੀ ਬੱਚੇ ਨੂੰ ਇਕੱਲਿਆਂ ਛੱਡਆ ਜਾ ਸਕਦਾ ਹੈ ਅਤੇ ਕਿੰਨੇ ਸਮੇਂ ਲਈ।

ਜਦੋਂ ਮਾਪੇ ਇਹ ਫ਼ੈਸਲਾ ਕਰ ਲੈਣ ਕਿ ਬੱਚੇ ਨੂੰ ਨਿਗਰਾਨੀ ਦੀ ਲੋੜ ਹੈ ਤਾਂ ਨਿਗਰਾਨੀ ਕਰਨ ਦੀ ਜ਼ਿੰਮੇਵਾਰੀ ਨਿਭਾਉਣ ਵਾਲੇ ਦੀ ਯੋਗਤਾ ਨੂੰ ਜ਼ਰੂਰ ਧਿਆਣ ਵਿੱਚ ਰੱਖਣ। ਮਾਪੇ ਅਕਸਰ ਸੋਚਦੇ ਹਨ ਕਿ ਵਡੇਰੇ ਬੱਚੇ ਛੋਟੇ ਬੱਚਿਆਂ ਦੀ ਨਿਗਰਾਨੀ ਕਰ ਸਕਦੇ ਹਨ, ਅਤੇ ਮਾਪਿਆਂ ਸਾਮ੍ਹਣੇ ਇਹ ਪ੍ਰਸ਼ਨ ਪੈਦਾ ਹੁੰਦੇ ਹਨ ਕਿ ਆਪਣੇ ਵਿਸ਼ੇਸ਼ ਬੱਚੇ ਲਈ ਅਤਿ ਢੁਕਵੇਂ ਵਿਅਕਤੀ ਦੀ ਚੋਣ ਕਿਵੇਂ ਕਰਨ।

ਇਹ ਯਾਦ ਰੱਖਣਾ ਜ਼ਰੂਰੀ ਹੈ ਕਿ ਹਰੇਕ ਬੱਚਾ ਦੂਜੇ ਨਾਲੋਂ ਵੱਖਰਾ ਹੁੰਦਾ ਹੈ। ਬੱਚਾ, ਜੋ 10 ਸਾਲ ਜਾਂ ਇਸ ਤੋਂ ਵੱਧ ਹੋਵੇ, ਬਾਰੇ ਕਨੂੰਨ ਨਹੀਂ ਦੱਸ ਸਕਦਾ ਕਿ ਉਸ ਨੂੰ ਇੱਕਲਿਆਂ ਸੁਰੱਖਿਅਤ ਛਡਿਆ ਜਾ ਸਕਦਾ ਹੈ, ਓਸੇ ਤਰ੍ਹਾਂ, ਉਮਰ ਬਾਰੇ ਵੀ ਕਨੂੰਨ ਸੇਧ ਨਹੀਂ ਦੇ ਸਕਦਾ ਕਿ 10 ਸਾਲ ਤੋਂ ਵੱਧ ਕਿੰਨੀ ਉਮਰ ਦਾ ਬੱਚਾ ਦੂਜੇ ਬੱਚੇ ਦੀ ਬੇਬੀਸਿਟਿੰਗ ਕਰ ਸਕਦਾ ਹੈ। ਜਦ ਤੁਸੀਂ ਘਰੋਂ ਬਾਹਰ ਜਾਣਾ ਹੋਵੇ, ਉਸ ਸਮੇਂ ਆਪਣੇ ਬੱਚੇ ਦੀਆਂ ਵਿਸ਼ੇਸ਼ ਲੋੜਾਂ ਪੂਰੀਆਂ ਕਰਨ ਲਈ ਯੋਗ ਵਿਅਕਤੀ ਦੀ ਚੋਣ ਕਰਨੀ ਤੁਹਾਡੀ ਜ਼ਿੰਮੇਵਾਰੀ ਹੈ।

ਇਹ ਨਿਸ਼ਚਤ ਕਰਨ ਲਈ ਮਾਪਿਆਂ ਨੂੰ ਆਪ ਫ਼ੈਸਲਾ ਕਰਨਾ ਪਵੇਗਾ ਕਿ ਵੱਧ ਉਮਰ ਵਾਲਾ ਬੱਚਾ ਕਦੋਂ ਛੋਟੇ ਬੱਚਿਆਂ ਦੀ ਭਰੋਸੇਯੋਗ ਸੰਭਾਲ ਕਰਨ ਵਾਸਤੇ ਤਿਆਰ ਹੈ। ਤੁਸੀਂ ਆਪਣੇ ਬੱਚੇ ਦੀ ਨਿੱਤ ਸੰਭਾਲ ਕਰਦੇ ਹੋ, ਅਤੇ ਤੁਹਾਡੇ ਬੱਚਿਆਂ ਦੀਆਂ ਵਿਸ਼ੇਸ਼ ਲੋੜਾਂ ਕੌਣ ਪੂਰੀਆਂ ਸਕਦਾ ਹੈ ਸਬੰਧੀ ਫ਼ੈਸਲਾ ਕਰਨ ਲਈ ਵੀ ਤੁਹਾਡੇ ਤੋਂ ਵੱਧੇਰੇ ਯੋਗ ਵਿਅਕਤੀ ਹੋਰ ਕੋਈ ਨਹੀਂ ਹੋ ਸਕਦਾ।

ਬੇਬੀਸਿਟਰ ਦੀ ਚੋਣ ਕਰਨ ਲੱਗਿਆਂ ਕਈ ਗੱਲਾਂ ਨੂੰ ਧਿਆਣ ਵਿੱਚ ਰੱਖਣਾ ਪੈਂਦਾ ਹੈ। ਉਸ ਵਿਅਕਤੀ ਦੀ ਪਰਿਪੱਕਤਾ, ਯੋਗਤਾਵਾਂ, ਭਰੋਸੇਯੋਗਤਾ, ਪਿਛੋਕੜ ਅਤੇ ਮੁਸ਼ਕਲਾਂ ਹੱਲ ਕਰਨ ਦੀ ਯੋਗਤਾ ਨੂੰ ਵਿਚਾਰਨਾ ਜ਼ਰੂਰੀ ਹੁੰਦਾ ਹੈ।

## ਪ੍ਰਸ਼ਨ, ਜੋ ਤੁਹਾਨੂੰ ਆਪਣੇ ਆਪ ਉੱਤੇ ਕਰਨੇ ਚਾਹੀਦੇ ਹਨ

- ਕੀ ਵੱਧ ਉਮਰ ਵਾਲੇ ਬੱਚੇ ਵਿੱਚ ਉੱਤਮ ਨਿਰਣਾ ਕਰਨ ਦੀ ਸਮਰੱਥਾ ਹੈ ਅਤੇ ਕੀ ਉਸ ਪਾਸ ਬਿਨਾ ਨਿਗਰਾਨੀ ਦੇ ਆਪਣੇ ਆਪ ਮੁਸ਼ਕਲਾਂ ਨਾਲ ਨਜਿੱਠਣ ਦਾ ਅਨੁਭਵ ਹੈ? ਕੀ ਉਸ ਨੂੰ ਪਤਾ ਹੈ ਕਿ ਹੜ੍ਹ ਆ ਜਾਣ ਜਾਂ ਅੱਗ ਲੱਗ ਜਾਣ ਜਾਂ ਦੁਰਘਟਣਾ ਵਾਪਰਣ ਜਾਂ ਛੋਟੇ ਬੱਚੇ ਨੂੰ ਚੋਟ ਲੱਗ ਜਾਣ ਦੀ ਸੂਰਤ ਵਿੱਚ ਕੀ ਕਰਨਾ ਹੈ?

- ਕੀ ਵੱਧ ਉਮਰ ਵਾਲੇ ਬੱਚੇ ਦੀਆਂ ਭਾਵਾਤਮਕ ਜਾਂ ਵਰਤਾਉ ਸਬੰਧੀ ਆਪਣੀਆਂ ਸਮੱਸਿਆਵਾਂ ਵੀ ਹਨ ਜਾਂ ਡਰੱਗ ਜਾਂ ਸ਼ਰਾਬ ਸਬੰਧੀ ਮੁਸ਼ਕਲਾਂ ਹਨ ਜੋ ਉਸ ਵੱਲੋਂ ਜ਼ਿੰਮੇਵਾਰੀ ਨਾਲ ਕੰਮ ਕਰਨ ਦੀ ਯੋਗਤਾ ਵਿੱਚ ਵਿਘਣ ਬਣ ਸਕਦੀਆਂ ਹੋਣ?

- ਪ੍ਰਸ਼ਨ, ਜੋ ਤੁਹਾਨੂੰ ਆਪਣੇ ਆਪ ਉੱਤੇ ਕਰਨੇ

## ਚਾਹੀਦੇ ਹਨ

- ਕੀ ਵੱਧ ਉਮਰ ਵਾਲੇ ਬੱਚੇ ਵਿੱਚ ਉੱਤਮ ਨਿਰਣਾ ਕਰਨ ਦੀ ਸਮਰੱਥਾ ਹੈ ਅਤੇ ਕੀ ਉਸ ਪਾਸ ਬਿਨਾ ਨਿਗਰਾਨੀ ਦੇ ਆਪਣੇ ਆਪ ਮੁਸ਼ਕਲਾਂ ਨਾਲ ਨਜਿੱਠਣ ਦਾ ਅਨੁਭਵ ਹੈ? ਕੀ ਉਸ ਨੂੰ ਪਤਾ ਹੈ ਕਿ ਹੜ੍ਹ ਆ ਜਾਣ ਜਾਂ ਅੱਗ ਲੱਗ ਜਾਣ ਜਾਂ ਦੁਰਘਟਣਾ ਵਾਪਰਣ ਜਾਂ ਛੋਟੇ ਬੱਚੇ ਨੂੰ ਚੋਟ ਲੱਗ ਜਾਣ ਦੀ ਸੂਰਤ ਵਿੱਚ ਕੀ ਕਰਨਾ ਹੈ?

- ਕੀ ਵੱਧ ਉਮਰ ਵਾਲੇ ਬੱਚੇ ਦੀਆਂ ਭਾਵਾਤਮਕ ਜਾਂ ਵਰਤਾਉ ਸਬੰਧੀ ਆਪਣੀਆਂ ਸਮੱਸਿਆਵਾਂ ਵੀ ਹਨ ਜਾਂ ਡਰੱਗ ਜਾਂ ਸ਼ਰਾਬ ਸਬੰਧੀ ਮੁਸ਼ਕਲਾਂ ਹਨ ਜੋ ਉਸ ਵੱਲੋਂ ਜ਼ਿੰਮੇਵਾਰੀ ਨਾਲ ਕੰਮ ਕਰਨ ਦੀ ਯੋਗਤਾ ਵਿੱਚ ਵਿਘਣ ਬਣ ਸਕਦੀਆਂ ਹੋਣ?

## ਤੁਹਾਡੀਆਂ ਜ਼ਿੰਮੇਵਾਰੀਆਂ

- ਇਹ ਯਕੀਨੀ ਬਣਾਓ ਕਿ ਬੇਬੀਸਿਟਰ (ਛੋਟੇ ਬੱਚਿਆਂ ਦੀ ਨਿਗਰਾਨੀ ਕਰਨ ਵਾਲੀ) ਨੂੰ ਅਮਰਜੰਸੀ ਫ਼ੋਨ ਨੰਬਰ ਅਤੇ ਅਜਿਹੇ ਸਮੇਂ ਵਰਤੀਆਂ ਜਾਣ ਵਾਲੀਆਂ ਵਿਧੀਆਂ ਦੀ ਸੂਚੀ ਮੁਹੱਈਆ ਕੀਤੀ ਗਈ ਹੈ।
- ਜਦ ਤੁਹਾਡਾ ਵੱਡਾ ਬੱਚਾ ਛੋਟੇ ਬੱਚੇ ਦੀ ਬੇਬੀਸਿਟਿੰਗ ਕਰ ਰਿਹਾ ਹੋਵੇ, ਤਾਂ ਉਸ ਪਾਸ ਤੁਹਾਡੇ ਤਕ ਪਹੁੰਚ ਕਰਨ ਲਈ ਸਪੱਸ਼ਟ ਅਤੇ ਭਰੋਸੇਯੋਗ ਢੰਗ ਹੋਣਾ ਚਾਹੀਦਾ ਹੈ। ਅਮਰਜੰਸੀ ਦੀ ਸੂਰਤ ਵਿੱਚ ਜਾਂ ਤੇ ਤੁਸੀਂ ਆਪ ਤੁਰਤ ਪਹੁੰਚ ਸਕਦੇ ਹੋਵੋ ਜਾਂ ਕਿਸੇ ਹੋਰ ਬਾਲਗ਼ ਦੇ ਪਹੁੰਚਣ ਦਾ ਪ੍ਰਬੰਧ ਕੀਤਾ ਹੋਣਾ ਚਾਹੀਦਾ ਹੈ।
- ਬੇਬੀਸਿਟਰ ਨੂੰ ਆਪਣੇ ਘਰ ਅਤੇ ਆਪਣੇ ਬੱਚੇ ਸਬੰਧੀ ਨਿਯਮਾਂ ਬਾਰੇ ਜਾਣੂ ਕਰਵਾਉ। ਮਿਸਾਲ ਦੇ ਤੌਰ ਤੇ, ਕੀ ਬੇਬੀਸਿਟਰ ਜਾਂ ਬੱਚਾ ਆਪਣੇ ਮਿੱਤਰਾਂ ਨੂੰ ਘਰ ਲਿਆ ਸਕਦਾ ਹੈ, ਅਤੇ ਜੇ ਕਿਸੇ ਵਿਅਕਤੀ ਦਾ ਫ਼ੋਨ ਆਵੇ ਜਾਂ ਕੋਈ ਵਿਅਕਤੀ ਦਰਵਾਜ਼ੇ ਤੇ ਆਵੇ ਤਾਂ ਬੇਬੀਸਿਟਰ ਵੱਲੋਂ ਕੀ ਕਹਿਣਾ ਬਣਦਾ ਹੈ?
- ਤੁਹਾਨੂੰ ਅਜਿਹੀ ਬੇਬੀਸਿਟਰ ਰੱਖਣੀ ਚਾਹੀਦੀ ਹੈ ਜਿਸ ਨੇ ਸੇਂਟ ਜਾਹਨਜ਼ ਐਂਬੂਲੈਂਸ ਜਾਂ ਰੈੱਡ ਕਰਾਸ ਵੱਲੋਂ ਦਿੱਤਾ ਜਾਂਦਾ ਕੋਰਸ ਕੀਤਾ ਹੋਵੇ। ਇਹ ਕੋਰਸ 11 ਸਾਲ ਦੇ ਬੱਚਿਆਂ ਨੂੰ ਵੀ ਦਿੱਤਾ ਜਾਂਦਾ ਹੈ।
- ਸਕੂਲ ਸਮੇਂ ਦੌਰਾਨ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਓਦੋਂ ਤਕ ਬੇਬੀਸਿਟਿੰਗ ਲਈ ਨਹੀਂ ਰੱਖਿਆ ਜਾ ਸਕਦਾ ਜਦੋਂ ਤਕ ਉਨ੍ਹਾਂ ਪਾਸ ਸਥਾਨਕ ਬੋਰਡ ਆਵ ਐਜੂਕੇਸ਼ਨ ਦੀ ਲਿਖਤੀ ਪ੍ਰਵਾਨਗੀ ਨਾ ਹੋਵੇ।